ਬੀਬੀ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿਚ ਵੱਖ-ਵੱਖ ਪਿੰਡਾਂ ਵਿਚ ਚੋਣ ਪ੍ਰਚਾਰ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

'ਆਪ' ਸਰਕਾਰ ਨੇ ਨਾ ਤਾਂ ਹੜ੍ਹ ਮਾਰੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ, ਨਾ ਕਣਕ ਦੇ ਸਰਟੀਫਾਈਡ ਬੀਜ ਦਿੱਤੇ-ਸੁਖਬੀਰ ਸਿੰਘ ਬਾਦਲ

ਬਾਦਲ ਵਲੋਂ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿਚ ਕੀਤਾ ਪਿੰਡਾਂ ਵਿਚ ਚੋਣ ਪ੍ਰਚਾਰ

ਤਰਨ ਤਾਰਨ, 28 ਅਕਤੂਬਰ (ਹਰਿੰਦਰ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨਾ ਸਿਰਫ ਹੜ੍ਹਾਂ ਕਾਰਨ ਕਿਸਾਨਾਂ ਦੇ ਹੋਏ ਫ਼ਸਲੀ ਨੁਕਸਾਨ ਦਾ ਮੁਆਵਜ਼ਾ ਦੇਣ ਵਿਚ ਨਾਕਾਮ ਰਹੀ, ਬਲਕਿ ਇਸ ਨੇ ਹੜ੍ਹ ਮਾਰੇ ਕਿਸਾਨਾਂ ਨੂੰ ਪੰਜ ਲੱਖ ਏਕੜ ਵਾਸਤੇ ਕਣਕ ਦਾ ਸਰਟੀਫਾਈਡ ਬੀਜ ਵੀ ਪ੍ਰਦਾਨ ਨਹੀਂ ਕੀਤਾ ਅਤੇ ਹੁਣ ਝੋਨੇ ਨੂੰ ਪਏ ਵਾਇਰਸ ਰੋਗ ਦੇ ਮਾਮਲੇ ਵਿਚ ਕਿਸਾਨਾਂ ਦੀ ਮਦਦ ਵਾਸਤੇ ਨਿਤਰਣ ਤੋਂ ਇਨਕਾਰੀ ਹੈ। ਇਥੇ ਹਲਕੇ ਵਿਚ ਪਾਰਟੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿਚ ਵੱਖ-ਵੱਖ ਭਰਵੇਂ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹੁਣ ਵੀ 'ਆਪ' ਸਰਕਾਰ ਕਿਸਾਨਾਂ ਦੀਆਂ ਮੁਸ਼ਕਿਲਾਂ ਤੋਂ ਅਨਜਾਣ ਹੈ। ਉਨ੍ਹਾਂ ਕਿਹਾ ਕਿ ਵਾਇਰਸ ਰੋਗ, ਜਿਸ ਕਾਰਨ ਝੋਨੇ ਦੇ ਝਾੜ ਵਿਚ 20 ਫ਼ੀਸਦੀ ਦੀ ਕਮੀ ਆਈ ਹੈ, ਨਾਲ ਹੋਏ ਨੁਕਸਾਨ ਦੀ ਪੂਰਤੀ ਵਾਸਤੇ ਕੱਖ ਵੀ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਝੋਨੇ ਦੀ ਫ਼ਸਲ ਵੇਚਣ ਵਿਚ ਮੁਸ਼ਕਿਲਾਂ ਦਰਪੇਸ਼ ਹਨ ਤੇ ਉਹ ਸਸਤੇ ਭਾਅ ਫਸਲ ਵੇਚਣ ਵਾਸਤੇ ਮਜ਼ਬੂਰ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਖੇਤਰੀ ਪਾਰਟੀ 'ਤੇ ਵਿਸ਼ਵਾਸ ਕਰਨ, ਜੋ ਕਿਸਾਨਾਂ ਅਤੇ ਗ਼ਰੀਬਾਂ ਦੀ ਮਦਦ ਵਾਸਤੇ ਵਚਨਬੱਧ ਹੈ ਤੇ ਇਸ ਬਾਰੇ ਉਸ ਦਾ ਇਕ ਚੰਗਾ ਰਿਕਾਰਡ ਰਿਹਾ ਹੈ। ਬਾਦਲ ਨੇ ਕਿਹਾ ਕਿ ਪੰਜਾਬ ਵਿਚ ਸਾਰੀਆਂ ਸਮਾਜ ਭਲਾਈ ਸਕੀਮਾਂ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਰੂ ਕੀਤੀਆਂ ਸਨ। (ਬਾਕੀ ਸ.ਫ਼ਾ 8 'ਤੇ)

ਤਰਨ ਤਾਰਨ ਦੀ ਵਾਰਡ ਨੰਬਰ 4 ਰੋਹੀ ਕੰਡਾ ਵਿਖੇ ਆਪਣੇ ਸਾਥੀਆਂ ਨਾਲ ਘਰ-ਘਰ ਪ੍ਰਚਾਰ ਕਰਦੇ ਹੋਏ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ। ਤਸਵੀਰ: ਮਨਜੀਤ ਸਿੰਘ

REQUIRED
Marketing Executives
(MBA/MCA/M.Com)
With experience
at
Akash
(T. Point)
Tarn Taran
Salary Negotiable
Mob: 79865-02870

ਵਾਰਡ ਨੰਬਰ 4 ਵਿਖੇ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਵਲੋਂ ਸਾਥੀਆਂ ਸਮੇਤ ਘਰ-ਘਰ ਚੋਣ ਪ੍ਰਚਾਰ

ਤਰਨ ਤਾਰਨ, 28 ਅਕਤੂਬਰ (ਹਰਿੰਦਰ ਸਿੰਘ)-ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਵਾਰਡ ਨੰਬਰ 4 (ਰੋਹੀ ਕੰਡਾ) ਵਿਖੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਵਲੋਂ ਆਪਣੇ ਸਾਥੀਆਂ ਸਮੇਤ ਘਰ-ਘਰ ਚੋਣ ਪ੍ਰਚਾਰ ਕੀਤਾ ਗਿਆ। ਵਾਰਡ ਇੰਚਾਰਜ ਕਿਰਨਦੀਪ ਕੌਰ ਅਤੇ ਉਨ੍ਹਾਂ ਦੇ ਪਤੀ ਵਿਕਰਮ ਸਿੰਘ, ਸਬ ਸਰਕਲ ਇੰਚਾਰਜ ਪਰਮਜੀਤ ਸਿੰਘ ਲਾਲਕਾ ਅਤੇ ਉਨ੍ਹਾਂ ਦੇ ਸਾਥੀਆਂ ਮੇਜਰ ਸਿੰਘ, ਗੁਰਪ੍ਰੀਤ ਕੌਰ, ਹਰਜੀਤ ਕੌਰ, ਅਨੀਤਾ ਕੌਰ, ਬਲਜੀਤ ਕੌਰ, ਸੁਖਦੇਵ ਸਿੰਘ, ਸਰਦਾਰਾ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ, ਕਲਿਆਣ ਸਿੰਘ, ਡਾ. ਸੋਨੂੰ ਸਾਬੀ ਆਦਿ ਵਲੋਂ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ ਘਰ-ਘਰ ਲਿਜਾ ਕੇ ਲੋਕਾਂ ਨਾਲ ਮੁਲਾਕਾਤ ਕਰਵਾਈ, ਜਿੱਥੇ ਲੋਕਾਂ ਵਲੋਂ ਤਰਨ ਤਾਰਨ ਸ਼ਹਿਰ ਅਤੇ ਵਾਰਡ ਦੀਆਂ ਚਿਰਾਂ ਤੋਂ ਲਮਕਦੀਆਂ ਆ ਰਹੀਆਂ ਮੁਸ਼ਕਿਲਾਂ ਬਾਰੇ ਚਾਨਣਾ ਪਾਇਆ ਅਤੇ ਪਿਛਲੀਆਂ ਸਾਰੀਆਂ ਹੀ ਸਰਕਾਰਾਂ ਦੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਅਤੇ ਲੋਕਾਂ ਲਈ ਮਸੀਹਾ ਬਣ ਕੇ ਵਿਚਰ ਰਹੇ ਤਰਨ ਤਾਰਨ ਜ਼ਿਮਨੀ ਚੋਣ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ ਵੋਟ ਦੇਣ ਦਾ ਵਿਸ਼ਵਾਸ਼ ਦਿੱਤਾ। ਇਸ ਮੌਕੇ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਸਰਹੱਦੀ ਹਲਕਾ ਤਰਨ ਤਾਰਨ ਦੇ ਲੋਕ ਡਰ ਅਤੇ ਸਹਿਮ ਵਿਚ ਜੀਅ ਰਹੇ ਹਨ, ਲਾਅ ਐਂਡ ਆਰਡਰ ਬੁਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕਾ ਹੈ। ਪੰਜਾਬ ਅੱਜ ਕਾਲੇ ਦਿਨਾਂ ਵਿੱਚੋਂ ਗੁਜਰ ਰਿਹਾ ਹੈ। ਉਮੀਦਵਾਰ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਵਿਚ ਖੁਸ਼ਹਾਲੀ, ਅਮਨ ਸ਼ਾਂਤੀ ਹੈ ਤਾਂ ਇਸ ਦਾ ਕਾਰਨ ਹੈ ਕਿ ਉੱਥੋਂ ਦੇ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਤੇ ਸੱਤਾ ਸੌਂਪੀ ਹੈ ਅਤੇ ਵਾਰ ਵਾਰ ਵੋਟਾਂ ਪਾ ਕੇ ਭਾਜਪਾ ਨੂੰ ਹੀ ਸੇਵਾ ਕਰਨ ਦਾ ਮੌਕਾ ਦੇ ਰਹੇ ਹਨ, ਸੋ ਇਸ ਵਾਰ ਆਪਾਂ ਆਪਣੇ ਸ਼ਹਿਰ ਦੀ ਖੁਸ਼ਹਾਲੀ ਬਹਾਲ ਕਰਨ ਅਤੇ ਵਿਕਾਸ ਨੂੰ ਮੁੜ ਸੁਰਜੀਤ ਕਰਨ ਲਈ ਭਾਜਪਾ ਨੂੰ ਵੋਟ ਕਰੀਏ। ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ, ਸ਼ਹਿਰੀ ਸਰਕਲ ਪ੍ਰਧਾਨ ਰੋਹਿਤ ਸ਼ਰਮਾ, ਐਸ.ਸੀ. ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ, ਸਰਕਲ ਸ਼ਹਿਰੀ ਐਸ.ਸੀ. ਮੋਰਚਾ ਪ੍ਰਧਾਨ ਰਾਮੇਸ਼ ਕਲਸੀ, ਸਰਕਲ ਸ਼ਹਿਰੀ ਮਹਿਲਾ ਮੋਰਚਾ ਪ੍ਰਧਾਨ ਦਵਿੰਦਰ ਕੌਰ ਮੰਡ, ਮੋਰਚਾ ਜਨਰਲ ਸਕੱਤਰ ਹਰਜੀਤ ਸਿੰਘ ਕੰਗ, ਸਰਕਲ ਜਨਰਲ ਸਕੱਤਰ ਜਸਵਿੰਦਰ ਸਿੰਘ, ਸਬ ਸਰਕਲ ਇੰਚਾਰਜ ਅਮਨ ਸ਼ਰਮਾ, ਸਰਕਲ ਜਨਰਲ ਸਕੱਤਰ ਘਣਸ਼ਿਆਮ ਜੋਸ਼ੀ, ਮਾਸਟਰ ਬਲਦੇਵ ਸਿੰਘ ਮੰਡ, ਸਵਿੰਦਰ ਸਿੰਘ ਠੱਠਗੜ੍ਹ ਆਦਿ ਪਾਰਟੀ ਆਗੂ ਮੌਜੂਦ ਸਨ।

ਅਕਾਲੀ ਦਲ ਵਲੋਂ ਚੋਣ ਕਮਿਸ਼ਨ ਦੇ ਨਿਯਮਾਂ ਖਿਲਾਫ਼ ਤਰਨ ਤਾਰਨ 'ਚ ਪੁਲਿਸ ਅਫ਼ਸਰਾਂ ਦੀ ਤਾਇਨਾਤੀ ਦੀ ਭਾਰਤੀ ਚੋਣ ਕਮਿਸ਼ਨ ਨੂੰ ਸ਼ਿਕਾਇਤ

ਤਰਨ ਤਾਰਨ, 28 ਅਕਤੂਬਰ (ਪਰਮਜੀਤ ਜੋਸ਼ੀ)-ਸ਼੍ਰੋਮਣੀ ਅਕਾਲੀ ਦਲ ਨੇ ਭਾਰਤੀ ਚੋਣ ਕਮਿਸ਼ਨ ਦੇ ਨੋਟਿਸ ਵਿਚ ਲਿਆਂਦਾ ਕਿ ਤਰਨ ਤਾਰਨ ਹਲਕੇ ਵਿਚ ਅਹਿਮ ਅਹੁਦਿਆਂ 'ਤੇ ਸੀਨੀਅਰ ਪੁਲਿਸ ਅਫਸਰਾਂ ਦੀ ਨਿਯੁਕਤੀ ਵਿਚ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ। ਡਾ. ਦਲਜੀਤ ਸਿੰਘ ਚੀਮਾ ਅਤੇ ਨਛੱਤਰ ਸਿੰਘ ਗਿੱਲ ਦੀ ਸ਼ਮੂਲੀਅਤ ਵਾਲੇ ਅਕਾਲੀ ਦਲ ਦੇ ਵਫਦ ਨੇ ਤਰਨ ਤਾਰਨ ਜ਼ਿਮਨੀ ਚੋਣ ਲਈ ਅਬਜ਼ਰਵਰ (ਜਨਰਲ) ਪੁਸ਼ਪਾ ਸਤਯਾਨੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਦੱਸਿਆ ਕਿ 'ਆਪ' ਸਰਕਾਰ ਨੇ 'ਆਪ' ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਨੇੜ੍ਹਲੇ ਪੁਲਿਸ ਅਫਸਰਾਂ ਨੂੰ ਹਲਕੇ ਵਿਚ ਤਾਇਨਾਤ ਕੀਤਾ ਹੈ, ਤਾਂ ਜੋ ਵੋਟਰਾਂ ਨੂੰ ਪ੍ਰਭਾਵਤ ਕੀਤਾ ਜਾ ਸਕੇ। ਅਕਾਲੀ ਆਗੂਆਂ ਨੇ ਅਬਜ਼ਰਵਰ ਦੇ ਧਿਆਨ ਵਿਚ ਲਿਆਂਦਾ ਕਿ ਡੀ.ਐਸ.ਪੀ., ਜੋ ਪਿਛਲੇ 8 ਤੋਂ 9 ਸਾਲਾਂ ਤੋਂ ਹਲਕੇ ਵਿਚ ਤਾਇਨਾਤ ਰਹੇ, ਅਹਿਮ ਅਹੁਦਿਆਂ 'ਤੇ ਲਾਏ ਗਏ ਹਨ ਅਤੇ ਉਹ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਵਾਸਤੇ ਦਿਨ ਰਾਤ ਡਟੇ ਹੋਏ ਹਨ। ਉਨ੍ਹਾਂ ਨੇ ਇਸ ਮਾਮਲੇ ਵਿਚ ਪਹਿਲਾਂ ਦਾਇਰ ਕੀਤੀ ਲਿਖਤੀ ਸ਼ਿਕਾਇਤ ਦੀ ਕਾਪੀ ਵੀ ਆਬਜ਼ਰਵਰ ਨੂੰ ਸੌਂਪੀ। ਇਸ ਤੋਂ ਇਲਾਵਾ ਅਕਾਲੀ ਦਲ ਦੇ ਆਗੂਆਂ ਨੇ ਦੱਸਿਆ ਕਿ ਜੋ ਪੁਲਿਸ ਅਫਸਰ ਅਪ੍ਰੈਲ 2026 ਵਿਚ ਸੇਵਾ ਮੁਕਤ ਹੋ ਰਹੇ ਹਨ, ਨੂੰ ਚੋਣ ਕਮਿਸ਼ਨ ਦੇ ਨਿਯਮਾਂ ਦੇ ਖਿਲਾਫ ਐਸ.ਐਚ.ਓ. ਨਿਯੁਕਤ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਅਕਾਲੀ ਦਲ ਨੇ ਚੋਣਾਂ ਨਾਲ ਸੰਬੰਧਿਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਗ੍ਰਹਿ ਜ਼ਿਲ੍ਹੇ ਵਿਚ ਤਾਇਨਾਤ ਕਰਨ 'ਤੇ ਵੀ ਇਤਰਾਜ਼ ਜ਼ਾਹਰ ਕੀਤਾ। ਅਕਾਲੀ ਆਗੂਆਂ ਨੇ ਆਬਜ਼ਰਵਰ (ਜਨਰਲ) ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਵਲੋਂ ਨਿਯਮਾਂ ਦੀਆਂ ਇਨ੍ਹਾਂ ਸਾਰੀਆਂ ਉਲੰਘਣਾਵਾਂ ਦੀ ਜਾਂਚ ਕਰਨ ਅਤੇ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਵਾਸਤੇ ਸਥਾਪਤ ਕਾਨੂੰਨ ਤਹਿਤ ਕਾਰਵਾਈ ਕਰਨ। ਡਾ. ਦਲਜੀਤ ਸਿੰਘ ਚੀਮਾ ਨੇ ਇਹ ਮਾਮਲਾ ਮੁੱਖ ਚੋਣ ਅਫਸਰ ਪੰਜਾਬ ਸੀ. ਸਿਬਨ ਦੇ ਵੀ ਧਿਆਨ ਵਿਚ ਲਿਆਂਦਾ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਵਾਸਤੇ ਢੁੱਕਵੀਂ ਕਦਮ ਚੁੱਕਣ।

'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਤਰਨ ਤਾਰਨ

ਸ. ਹਰਿੰਦਰ ਸਿੰਘ	98760-33901
ਪੰਡਿਤ ਹਨੂੰਮਾਨ ਮਾਰਕੀਟ ਪਹਿਲੀ ਮੰਜ਼ਿਲ,	01852-222277
ਸਾਹਮਣੇ ਜਗਦੇਵ ਮਾਰਕੀਟ	501377

ਚੋਣ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮਨਪ੍ਰੀਤ ਸਿੰਘ ਇਆਲੀ ਅਤੇ ਹਾਜ਼ਰ ਇਕੱਠ। ਤਸਵੀਰ:ਮਨਜੀਤ ਸਿੰਘ

ਮਨਪ੍ਰੀਤ ਇਆਲੀ ਸਮੇਤ ਹੋਰਨਾਂ ਨੇ ਮਨਦੀਪ ਸਿੰਘ ਦੇ ਹੱਕ ਵਿਚ ਸੰਭਾਲਿਆ ਮੋਰਚਾ

ਤਰਨ ਤਾਰਨ, 28 ਅਕਤੂਬਰ (ਇਕਬਾਲ ਸਿੰਘ ਸੋਢੀ)- ਵਿਧਾਨ ਸਭਾ ਹਲਕਾ ਤਰਨ ਤਾਰਨ ਤੋਂ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਦੇ ਹੱਕ ਵਿਚ ਜਥੇਦਾਰ ਇਕਬਾਲ ਸਿੰਘ ਝੂੰਦਾਂ ਸਾਬਕਾ ਵਿਧਾਇਕ ਅਮਰਗੜ੍ਹ, ਮਨਪ੍ਰੀਤ ਸਿੰਘ ਇਆਲੀ ਵਿਧਾਇਕ ਦਾਖਾ ਅਤੇ ਬਰਜਿੰਦਰ ਸਿੰਘ ਬਰਾੜ ਨੇ ਹਲਕੇ ਦੇ ਵੱਖ ਵੱਖ ਪਿੰਡਾਂ ਵਿਚ ਚੋਣ ਮੀਟਿੰਗਾਂ ਕੀਤੀਆਂ ਅਤੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਚੋਣ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਅਤੇ ਪੰਜਾਬੀਆਂ ਨੂੰ ਇੱਕ ਜੁੱਟ ਹੋ ਕੇ ਇਸ ਚੋਣ ਵਿਚ ਤਨ ਮਨ ਅਤੇ ਧਨ ਨਾਲ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ, ਇਹ ਚੋਣ ਪੰਥ ਅਤੇ ਪੰਜਾਬ ਦੀ ਵੱਕਾਰ ਦਾ ਸਵਾਲ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਈ ਮਨਦੀਪ ਸਿੰਘ ਨੂੰ ਇਸ ਹਲਕੇ ਤੋਂ ਜੇਤੂ ਬਣਾ ਕੇ ਵਿਧਾਨ ਸਭਾ ਵਿਚ ਭੇਜਣ। ਇਸ ਮੌਕੇ ਬਰਜਿੰਦਰ ਸਿੰਘ ਬਰਾੜ ਅਤੇ ਬਾਪੂ ਤਰਸੇਮ ਸਿੰਘ ਨੇ ਵੀ ਇਕੱਠ ਨੂੰ ਸੰਬੋਧਨ ਕਰਦਿਆਂ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਦੇ ਹੱਕ ਵਿਚ ਲੋਕਾਂ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਲੋਕਾਂ ਦੇ ਇਕੱਠ ਵਲੋਂ ਉਕਤ ਆਗੂਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਉਹ ਭਾਈ ਮਨਦੀਪ ਸਿੰਘ ਦੇ ਹੱਕ ਵਿਚ ਵੱਡਾ ਫਤਵਾ ਦੇ ਕੇ ਜੇਤੂ ਬਣਾਉਣਗੇ।

CHIEF KHALSA DIWAN
INTERNATIONAL NURSING COLLEGE,
CHABBAL ROAD, ASR.
CONTACT : 81958-00150, 0183-2911204, Email : ckdnursingcollege@yahoo.in
NOTICE
Semi Online Counselling for leftover seats in ANM & GNM Courses (Session 2025-2026) for CKD International Nursing College, Amritsar.
It is informed that the process for Semi Online Conuselling of Leftover seats for CKD International Nursing College will be conducated at Institute level as per following schedule.
Only the candidates, who have completed application in all respects on counselling admission portal 2025-26 of PNRC and note holding any seat in any institute, shall be allowed to appear in his round after preparation of Merit List no candidate shall be allowed to participate.

Description	Date & Time
Semi Online Counselling and Joining of Candidates For CKD International Nursing College, Amritsar.	31.10.2025/10AM to 3 PM

SIDANA NURSING COLLEGE, KHIALA KHURD, RAM TIRATH ROAD, AMRITSAR
Contact No: 70870-80500 & 98883-48810
Email Id:- sidananursingcollege@gmail.com, Website: www.sidanainstitutes.com/snc.php
SEMI ONLINE COUNSELLING For Leftover Seats in GNM Course
Eligibility : 10+2 Passed (with 45%) with Subject English PUNJAB AND OTHER STATE
(Session 2025-2026)
Only the candidates, who have completed application in all respects on Counselling admission portal 2025-2026 of PNRC and not holding any seat in any institute, is allowed to appear in this counselling.
COUNSELLING IS ON 31ST OCTOBER, 2025, FRIDAY 11.00 AM IN COLLEGE CAMPUS.
Principal

GURU TEG BAHADUR COLLEGE OF NURSING
JANDIALA GURU, AMRITSAR (PUNJAB)
RECOGNISED BY: GOVT OF PUNJAB, PNRC, INC & AFFILIATED TO BFUHS, FARIDKOT
DIRECT ADMISSSION OF NURSING COURSES-2025-26
APPLICATIONS ARE INVITED FOR THE DIRECT ADMISSION OF PBBSC-N AND M.SC-(N) COURSES FOR SESSION 2025-26 AS PER NORMS LAID DOWN BY THE GOVT. AND UNIVERSITY ON 31/10/2025 AT 10.00 AM IN THE COLLEGE CAMPUS. ELIGIBLE CANDIDATES SHOULD APPLY UPTO 31/10/2025 BY 3.00 PM.
CONTACT: 9814228899, 9779594947
DIRECTOR PRINCIPAL

ANAND COLLEGE OF NURSING FOR WOMEN JETHUWAL, BATALA ROAD, AMRITSAR
98143-09907, 98557-08989, Email: anandcn2015@gmail.com
NOTICE
Semi Online Counselling for leftover seats in ANM and GNM Courses session 2025-26 for Anand College of Nursing For Women, Jethuwal, Batala road, Amritsar.
It is informed that the process for Semi Online Counselling of leftover seats for Anand College of Nursing for Women, Jethuwal, Amritsar will be conducted at College level as per following Schedule.
Only the Candidates, who have completed application in all respects on counselling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

Description	Dates
Semi online counselling and joining of candidates for Anand College of Nursing for women, Jethuwal, Batala Road, Amritsar.	29.10.2025 to 31.10.2025

PNRC helpline for Counselling
+91 62836-18852 (Mon-Fri, 9 am-5 pm) Email: admissionspnrc@gmail.com
Principal
Anand College of Nursing for Women, Jethuwal, Amritsar.

KHALSA COLLEGE OF NURSING
AMRITSAR Email : collegekhalsa@yahoo.in
NOTICE
Semi Online Counseling for leftover seats in ANM & GNM Courses (Session 2025-26) for Khalsa College of Nursing, Amritsar
It is informed that the process for Semi Online Counseling of leftover seats for Khalsa College of Nursing, Amritsar will be conducted at institute level as per following schedule.
Only the candidates, who have completed application in all respects on Counseling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

Description	Date
Semi Online Counselling and joining of candidates for Khalsa College of Nursing, Amritsar	29/10/2025 – 31/10/2025

PNRC Helpline for Counseling
+91 62836-18852 (Mon-Fri, 9am - 5pm) | admissionspnrc@gmail.com
DR. AMANPREET KAUR
Principal
Ph. No. : 0183-5030792

ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਦੇ ਦਰਜਨਾਂ ਆਗੂ 'ਆਪ' ਵਿਚ ਸ਼ਾਮਿਲ

ਸ਼ੈਰੀ ਕਲਸੀ, ਹਰਚੰਦ ਬਰਸਟ ਅਤੇ ਆਹਲੂਵਾਲੀਆ ਨੇ ਨਵੇਂ ਆਗੂਆਂ ਦਾ ਪਾਰਟੀ ਵਿਚ ਕੀਤਾ ਸਵਾਗਤ

ਤਰਨ ਤਾਰਨ, 28 ਅਕਤੂਬਰ (ਹਰਿੰਦਰ ਸਿੰਘ)- ਤਰਨ ਤਾਰਨ ਵਿਚ 'ਆਪ' ਪਾਰਟੀ ਨੂੰ ਵੱਡਾ ਰਾਜਨੀਤਿਕ ਹੁਲਾਰਾ ਮਿਲਿਆ ਜਦੋਂ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਕਈ ਸੀਨੀਅਰ ਆਗੂ ਅਤੇ ਅਹੁਦੇਦਾਰ ਪਾਰਟੀ ਵਿਚ ਸ਼ਾਮਿਲ ਹੋਏ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਲੀਡਰਸ਼ਿਪ ਅਤੇ ਲੋਕ-ਪੱਖੀ ਨੀਤੀਆਂ ਵਿਚ ਪੂਰਾ ਭਰੋਸਾ ਪ੍ਰਗਟ ਕੀਤਾ। 'ਆਪ' ਦੇ ਪੰਜਾਬ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੇਰ ਕਲਸੀ ਨੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਡਾ.ਐੱਸ.ਐੱਸ.ਆਹਲੂਵਾਲੀਆ